ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040214
Available online at: www.armaan.org.in
DOI: https://doi.org/10.64119/armaan.vol4.issue2.14

# ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਨਾਰੀ ਚੇਤਨਾ

# Veena Verma Dian Kahaniya Vich Naari Chetna

**ਡਾ. ਸੁਨੀਤਾ ਰਾਣੀ (Dr. Sunita Rani)**
ਐਸੋਸੀਏਟ ਪ੍ਰੋਫ਼ੈਸਰ ਪੰਜਾਬੀ (Associate Professor in Punjabi)
ਸੇਠ ਨਵਰੰਗ ਰਾਏ ਲੋਹੀਆ ਜੈਰਾਮ ਗਰਲਜ਼ ਕਾਲਜ, ਲੋਹਾਰ ਮਾਜਰਾ, ਕੁਰੂਕਸ਼ੇਤਰ (ਹਰਿਆਣਾ)-136119
Email ID: punjabijrg@gmail.com

**ਸਾਰ (Abstract)**

*ਪਰਵਾਸੀ ਪੰਜਾਬੀ ਕਹਾਣੀ ਅਜੋਕੇ ਦੌਰ ਦੀ ਇੱਕ ਅਜਿਹੀ ਸਮਰੱਥ ਸਾਹਿਤਕ ਵਿਧਾ ਹੈ ਜਿਹੜੀ ਵਿਦੇਸ਼ੀ ਧਰਤੀ ਉੱਤੇ ਜੀਵਨ ਦੀਆਂ ਜਟਿਲ ਅਤੇ ਬਹੁਪਾਸਾਰੀ ਪਰਿਸਥਿਤੀਆਂ ਨੂੰ ਬਾਖੂਬੀ ਪੇਸ਼ ਕਰਦੀ ਹੈ। ਵੀਨਾ ਵਰਮਾ ਪਰਵਾਸੀ ਪੰਜਾਬੀ ਸਾਹਿਤ ਦਾ ਇੱਕ ਅਜਿਹਾ ਨਾਮ ਹੈ ਜਿਸ ਨੇ ਆਪਣੀਆਂ ਕਹਾਣੀਆਂ ਰਾਹੀਂ ਪਰਵਾਸ ਵਿੱਚ ਰਹਿ ਰਹੀ ਪੰਜਾਬੀ ਨਾਰੀ ਦੇ ਅੰਦਰੂਨੀ ਦਵੰਦ ਦੇ ਨਾਲ-ਨਾਲ ਸੁਤੰਤਰ ਹੋਂਦ ਦੇ ਸੰਕਲਪ ਨੂੰ ਬੜੀ ਨਿਡਰਤਾ ਨਾਲ ਚਿਤਰਿਆ ਹੈ। ਪ੍ਰਸਤੁਤ ਖੋਜ ਪੱਤਰ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਵਿਸ਼ੇਸ਼ ਪ੍ਰਸੰਗ ਵਿੱਚ ਨਾਰੀ ਦੇ ਬਦਲਦੇ ਸਰੋਕਾਰ ਅਤੇ ਵਿਸ਼ਵੀਕਰਨ ਦੇ ਪ੍ਰਭਾਵਾਂ ਕਾਰਨ ਪੈਦਾ ਹੋਇਆ ਸੁਤੰਤਰ ਹੋਂਦ ਤੇ ਚੇਤਨਾ ਦੇ ਸੰਕਲਪ ਦਾ ਅਧਿਐਨ ਕਰਦਾ ਹੈ। ਵੀਨਾ ਵਰਮਾ ਨੇ ਵਰਜਿਤ ਰਿਸ਼ਤਿਆਂ, ਇਕੱਲਤਾ, ਬੇਬਸੀ ਅਤੇ ਪੀੜ੍ਹੀਗਤ ਪਾੜੇ ਵਰਗੇ ਗੰਭੀਰ ਵਿਸ਼ਿਆਂ ਰਾਹੀਂ ਨਾਰੀ ਅਸਤਿਤਵ ਦੀ ਪਛਾਣ ਨੂੰ ਪੁਨਰ-ਪਰਿਭਾਸ਼ਿਤ ਕੀਤਾ ਹੈ। ਇਹ ਅਧਿਐਨ ਪਰਵਾਸੀ ਜੀਵਨ ਵਿੱਚ ਔਰਤ ਦੀ ਹੋਂਦ ਨਾਲ ਜੁੜੇ ਤਣਾਓ ਅਤੇ ਉਸਦੀ ਸਮਾਜਿਕ-ਮਾਨਸਿਕ ਸਥਿਤੀ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।*

***ਕੀਵਰਡ (Keyword):*** *ਪੰਜਾਬੀ ਕਹਾਣੀ, ਨਾਰੀ ਚੇਤਨਾ, ਸੁਤੰਤਰ ਹੋਂਦ, ਸਭਿਆਚਾਰਕ ਟਕਰਾਓ, ਅਸਤਿਤਵ, ਜਿਨਸੀ ਸਬੰਧ, ਬੇਗਾਨਗੀ।*

ਪੰਜਾਬੀ ਸਾਹਿਤ ਦੇ ਵਿਸ਼ਾਲ ਪਸਾਰ ਵਿੱਚ ਪਰਵਾਸੀ ਪੰਜਾਬੀ ਕਹਾਣੀ ਨੇ ਆਪਣੀ ਇੱਕ ਵਿਲੱਖਣ ਅਤੇ ਨਿਵੇਕਲੀ ਪਛਾਣ ਸਥਾਪਿਤ ਕੀਤੀ ਹੈ। ਇਹ ਵਿਧਾ ਕੇਵਲ ਪਰਵਾਸ ਦੇ ਦੁੱਖਾਂ ਦਾ ਬਿਰਤਾਂਤ ਹੀ ਨਹੀਂ ਹੈ, ਸਗੋਂ ਇਹ ਬਦਲ ਰਹੀਆਂ ਸੰਸਾਰਕ ਪਰਿਸਥਿਤੀਆਂ ਅਤੇ ਮਾਨਵੀ ਰਿਸ਼ਤਿਆਂ ਦੇ ਰੂਪਾਂਤਰਣ ਦੀ ਇੱਕ ਜੀਵੰਤ ਦਸਤਾਵੇਜ਼ ਵੀ ਹੈ। ਅਜੋਕੇ ਸਮੇਂ ਵਿੱਚ ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਜਿੱਥੇ ਸਮਾਜਿਕ ਮੁੱਲਾਂ ਨੂੰ ਹਿਲਾਇਆ ਹੈ ਉੱਥੇ ਪਰਵਾਸੀ ਪੰਜਾਬੀ ਕਹਾਣੀ ਦੇ ਵਿਸ਼ਾ-ਜਗਤ ਵਿੱਚ ਵੀ ਬਹੁਪਾਸਾਰੀ ਤਬਦੀਲੀਆਂ ਲਿਆਂਦੀਆਂ ਹਨ। ਇਸੇ ਸੰਦਰਭ ਵਿੱਚ ਬਰਤਾਨੀਆ ਵਿੱਚ ਰਹਿ ਰਹੀ ਨਾਮਵਰ ਕਹਾਣੀਕਾਰਾ ਵੀਨਾ ਵਰਮਾ ਦਾ ਨਾਮ ਵਿਸ਼ੇਸ਼ ਤੌਰ ਉੱਤੇ ਉੱਭਰ ਕੇ ਸਾਹਮਣੇ ਆਉਂਦਾ ਹੈ, ਜਿਸਨੇ ਪਰਵਾਸੀ ਪੰਜਾਬੀ ਨਾਰੀ ਦੇ ਅਣਗੌਲੇ ਅਤੇ ਵਰਜਿਤ ਪੱਖਾਂ ਨੂੰ ਸਾਹਿਤਕ ਰੂਪ ਪ੍ਰਦਾਨ ਕੀਤਾ ਹੈ। ਉਸਨੇ ਆਪਣੇ ਕਹਾਣੀ ਸੰਗ੍ਰਹਿਆਂ *ਮੁੱਲ ਦੀ ਤੀਵੀਂ, ਫਰੰਗੀਆਂ ਦੀ ਨੂੰਹ* ਅਤੇ *ਜੋਗੀਆਂ ਦੀ ਧੀ* ਰਾਹੀਂ ਸਾਹਿਤ ਜਗਤ ਵਿੱਚ ਕਈ ਤਰ੍ਹਾਂ ਦੇ ਨਵੇਂ ਪ੍ਰਸ਼ਨ ਚੁੱਕੇ ਹਨ। ਉਸ ਦੇ ਕਥਾ ਸੰਸਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸਦਾ ਬੇਬਾਕ ਅਤੇ ਨਿਡਰ ਸੁਭਾਅ ਹੈ। ਉਸ ਨੇ ਪਰਵਾਸੀ ਪੰਜਾਬੀ ਨਾਰੀ ਦੇ ਜੀਵਨ ਵਿੱਚ ਪੈਦਾ ਹੋਏ ਦਵੰਦ ਅਤੇ ਸੁਤੰਤਰ ਹੋਂਦ ਦੇ ਸੰਕਲਪ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਦਾ ਕੇਂਦਰੀ ਧੁਰਾ ਉਹ ਔਰਤ ਹੈ ਜਿਹੜੀ ਵਿਦੇਸ਼ੀ ਮਾਹੌਲ ਵਿੱਚ ਆਪਣੀ ਪਛਾਣ ਲੱਭਣ ਲਈ ਅਤੇ ਸੁਤੰਤਰ ਹੋਂਦ ਸਥਾਪਤ ਕਰਨ ਲਈ ਜੂਝ ਰਹੀ ਹੈ। ਵੀਨਾ ਵਰਮਾ ਨੇ ਔਰਤ-ਮਰਦ ਦੇ ਗੁੰਝਲਦਾਰ ਜਿਨਸੀ ਸਬੰਧਾਂ, ਵਿਆਹ ਬਾਹਰੇ ਸਬੰਧਾਂ ਅਤੇ ਪਾਖੰਡੀ ਸਾਧੂਆਂ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਨੂੰ ਬਿਨਾਂ ਕਿਸੇ ਪਰਦੇ ਦੇ ਚਿਤਰਿਆ ਹੈ। ਇਹਨਾਂ ਕਹਾਣੀਆਂ ਵਿੱਚ ਪਰਵਾਸੀ ਔਰਤ ਦੀ ਇਕੱਲਤਾ, ਬੇਜੋੜ ਵਿਆਹਾਂ ਦੀ ਅਸਫ਼ਲਤਾ ਅਤੇ ਹਾਣ ਦੇ ਸਾਥੀ ਦੀ ਤਲਾਸ਼ ਵਰਗੇ ਵਿਸ਼ੇ ਅਜੋਕੀ ਪੀੜ੍ਹੀ ਦੇ ਤਣਾਓ ਨੂੰ ਸਾਹਮਣੇ ਲਿਆਉਂਦੇ ਹਨ। ਪਰਵਾਸ ਦੌਰਾਨ ਆਰਥਿਕ ਸੁਤੰਤਰਤਾ ਦੇ ਬਾਵਜੂਦ ਔਰਤ ਕਿਵੇਂ ਪਿੱਤਰ-ਸੱਤਾਤਮਕ ਸੋਚ ਅਤੇ ਬਦਲਦੀਆਂ ਸਭਿਆਚਾਰਕ ਕੀਮਤਾਂ ਦੇ ਵਿਚਕਾਰ ਪੀਸੀ ਜਾਂਦੀ ਹੈ। ਉਸ ਦੀਆਂ ਕਹਾਣੀਆਂ ਬਾਰੇ ਡਾ. ਵਨੀਤਾ ਲਿਖਦੀ ਹੈ :

> *"ਉਸ ਨੇ ਨਾ ਹੀ ਇਕ ਸਥਿਤੀ ਨੂੰ ਪੇਸ਼ ਕੀਤਾ ਹੈ ਤੇ ਨਾ ਹੀ ਸਾਰੀਆਂ ਕਹਾਣੀਆਂ ਵਿਚ ਇਕੋ ਔਰਤ ਨੂੰ ਸਗੋਂ ਸੁਚੇਤ ਤੌਰ ਉੱਤੇ ਉਸਨੇ ਵੱਖ-ਵੱਖ ਔਰਤਾਂ ਨੂੰ ਪੇਸ਼ ਕੀਤਾ ਹੈ। ਉਹ ਕਹਾਣੀ ਵਿਚ ਇਨ੍ਹਾਂ ਔਰਤਾਂ ਦੀਆਂ ਉਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ ਜਿਨ੍ਹਾਂ ਬਾਰੇ ਲੇਖਿਕਾਵਾਂ ਲਿਖਣ ਤੋਂ ਜਾਂ ਤਾਂ ਗੁਰੇਜ ਕਰਦੀਆਂ ਹਨ ਤੇ ਜਾਂ ਉਨ੍ਹਾਂ ਦੀ ਲਿਖਤ ਤੇ ਆਲੇ-ਦੁਆਲੇ ਪਰੰਪਰਕ ਨੈਤਿਕਤਾ ਜਾਂ ਉਹ ਭਾਸ਼ਾ ਦਾ ਇਕ ਬੰਧਨ ਰਿਹਾ ਹੈ। ਵੀਨਾ ਵਰਮਾ ਉਸ ਬੰਧਨ ਨੂੰ ਪੂਰੀ ਤਰ੍ਹਾਂ ਤੋੜਦੀ ਹੈ।"* [1]

ਵੀਨਾ ਵਰਮਾ ਦੀ ਗਲਪ-ਚੇਤਨਾ ਨਾਰੀ ਹੋਂਦ ਦੇ ਦਮਿਤ ਪਹਿਲੂਆਂ ਅਤੇ ਜਿਨਸੀ ਸ਼ੋਸ਼ਣ ਦੇ ਵਿਰੁੱਧ ਇੱਕ ਬੇਬਾਕ ਦਸਤਾਵੇਜ਼ ਵਜੋਂ ਉੱਭਰਦੀ ਹੈ। ਉਹ ਪਿੱਤਰਸੱਤਾ ਦੀ ਮਾਨਸਿਕਤਾ ਨੂੰ ਔਰਤ ਦੀ ਵਸਤੂਗਤ ਸਥਿਤੀ ਲਈ ਮੁੱਖ ਤੌਰ ਉੱਤੇ ਜ਼ਿੰਮੇਵਾਰ ਮੰਨਦੇ ਹੋਏ ਪੂਰਬੀ ਅਤੇ ਪੱਛਮੀ ਸਮਾਜ ਦੇ ਦੂਹਰੇ ਮਾਪਦੰਡਾਂ ਨੂੰ ਬੜੀ ਨਿਡਰਤਾ ਨਾਲ ਨੰਗਾ ਕਰਦੀ ਹੈ। ਉਸ ਦੀਆਂ ਕਹਾਣੀਆਂ ਧਰਮ, ਜਾਤਿ-

ਪਾਤ ਅਤੇ ਖੇਤਰ ਦੀਆਂ ਵਲਗਣਾਂ ਨੂੰ ਤੋੜ ਕੇ ਸਮੁੱਚੀ ਨਾਰੀ ਦੀ ਮੁਕਤੀ ਅਤੇ ਉਸ ਦੇ ਹੋਂਦ-ਮੂਲਕ ਪ੍ਰਸ਼ਨਾਂ ਨੂੰ ਮੁਖਾਤਿਬ ਹੁੰਦੀਆਂ ਹਨ। ਸਮਾਜਿਕ ਵਰਜਣਾਵਾਂ ਅਤੇ ਵਰਜਿਤ ਵਿਸ਼ਿਆਂ ਨੂੰ ਸਾਹਿਤਕ ਚਰਚਾ ਦਾ ਹਿੱਸਾ ਬਣਾ ਕੇ ਉਹ ਸੰਵੇਦਨਸ਼ੀਲ ਪਾਠਕ ਨੂੰ ਪ੍ਰਚਲਿਤ ਸਮਾਜਿਕ ਰੂੜੀਆਂ ਵਿਰੁੱਧ ਸੋਚਣ ਲਈ ਮਜ਼ਬੂਰ ਕਰਦੀ ਹੈ। ਇਸ ਬਾਰੇ ਬਲਵੰਤ ਗਾਰਗੀ ਲਿਖਦਾ ਹੈ :

*"ਉਹ ਸੈਕਸ ਦੇ ਵਰਜਿਤ ਸ਼ਬਦਾਂ ਨੂੰ ਸਮਾਜ ਦੇ ਮੱਥੇ ਉੱਤੇ ਇੱਟ ਵਾਂਗ ਮਾਰਦੀ ਹੈ। ਉਹ ਸੈਕਸ ਦੀ ਖੂਬਸੂਰਤੀ ਤੇ ਇਸ ਦੀ ਭਿਆਨਕਤਾ ਦੋ ਪਾਸੜੇ ਸ਼ੀਸ਼ਿਆਂ ਰਾਹੀਂ ਵੇਖਦੀ ਨਜ਼ਰ ਆਉਂਦੀ ਹੈ। ਜਿਹੜੇ ਕਿ ਇੱਕੋ ਬਿੰਬ ਹੈ ਇੱਕੋ ਥੀਮ ਦਾ ਰੂਪ ਧਾਰਨ ਕਰ ਲੈਂਦੇ ਹਨ।"* [2]

ਉਸ ਦੀਆਂ ਕਹਾਣੀਆਂ ਵਿੱਚ ਉਹ ਵਿਆਹ-ਬਾਹਰੇ ਸਬੰਧਾਂ, ਔਰਤ ਦੀ ਬੇਬਸੀ ਅਤੇ ਇਕੱਲਤਾ ਵਰਗੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਬੜੀ ਦਲੇਰੀ ਨਾਲ ਚਿਤਰਦੀ ਹੈ। ਉਸ ਦੀ ਗਲਪ-ਚੇਤਨਾ ਵਿੱਚ ਪਰਵਾਸ ਦੀ ਮਿਰਗ-ਤ੍ਰਿਸ਼ਨਾ, ਪੀੜ੍ਹੀਗਤ ਪਾੜਾ, ਬੇਜੋੜ ਵਿਆਹਾਂ ਦੀ ਅਸਫ਼ਲਤਾ ਅਤੇ ਔਰਤ ਦੇ ਬਹੁ-ਪੱਖੀ ਸ਼ੋਸ਼ਣ ਦਾ ਯਥਾਰਥਵਾਦੀ ਚਿਤਰਣ ਮਿਲਦਾ ਹੈ। ਰਿਸ਼ਤਿਆਂ ਦੀ ਬਦਲ ਰਹੀ ਪ੍ਰਕਿਰਤੀ ਅਤੇ ਹਾਣ ਦੇ ਸਾਥੀ ਦੀ ਤਲਾਸ਼ ਵਰਗੇ ਸਰੋਕਾਰ ਉਸ ਦੀਆਂ ਕਹਾਣੀਆਂ ਨੂੰ ਇੱਕ ਮਨੋਵਿਗਿਆਨਕ ਅਤੇ ਹੋਂਦ-ਮੂਲਕ ਵਿਸ਼ਲੇਸ਼ਣ ਵਜੋਂ ਸਥਾਪਿਤ ਕਰਦੇ ਹਨ। ਉਸਦਾ ਕਥਾ ਸੰਸਾਰ ਪਰੰਪਰਾਵਾਦੀ ਨਾਰੀ-ਬਿੰਬ ਨੂੰ ਤੋੜ ਕੇ ਇੱਕ ਨਵੀਂ 'ਆਧੁਨੀਕ ਚੇਤਨਾ' ਦਾ ਮੁੱਢ ਬੰਨ੍ਹਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਔਰਤ-ਮਰਦ ਦੇ ਜਿਨਸੀ ਸਬੰਧ ਮਹਿਜ਼ ਸਰੀਰਕ ਭੋਗ-ਵਿਲਾਸ ਦਾ ਜ਼ਰੀਆ ਨਹੀਂ, ਸਗੋਂ ਸੱਤਾ ਅਤੇ ਅਧਿਕਾਰ ਦੀ ਜੰਗ ਦੇ ਰੂਪ ਵਿੱਚ ਉੱਭਰਦੇ ਹਨ। ਵਰਮਾ ਦੀ ਨਾਰੀ-ਪਾਤਰ ਰਵਾਇਤੀ ਵਲਗਣਾਂ ਵਿੱਚ ਕੈਦ ਹੋ ਕੇ ਰਹਿਮ ਦੀ ਪਾਤਰ ਬਣਨ ਦੀ ਬਜਾਏ, ਆਪਣੀ ਕਾਮੁਕਤਾ ਅਤੇ ਇੱਛਾ-ਸ਼ਕਤੀ ਨੂੰ ਇੱਕ ਹਥਿਆਰ ਵਜੋਂ ਵਰਤਦੀ ਹੈ। ਉਹ ਮਰਦਾਨਾ ਸਰਦਾਰੀ ਨੂੰ ਚੁਣੌਤੀ ਦਿੰਦੀ ਹੋਈ ਆਪਣੇ ਫੈਸਲੇ ਖੁਦ ਲੈਂਦੀ ਹੈ ਅਤੇ ਆਪਣੀ ਸੁਤੰਤਰ ਹੋਂਦ ਦਾ ਪ੍ਰਗਟਾਵਾ ਬੜੀ ਬੇਬਾਕੀ ਨਾਲ ਕਰਦੀ ਹੈ।

ਇਸ ਦ੍ਰਿਸ਼ਟੀ ਤੋਂ ਉਸਦੀ ਕਹਾਣੀ 'ਰਜ਼ਾਈ' ਬਹੁਤ ਹੀ ਮਹੱਤਵਪੂਰਨ ਹੈ। ਉਸਨੇ ਆਪਣੀ ਇਸ ਕਹਾਣੀ ਵਿੱਚ 'ਰਜ਼ਾਈ' ਦੇ ਰੂਪਕ ਰਾਹੀਂ ਪਰਵਾਸ ਵਿੱਚ ਵੱਸਦੇ ਪੰਜਾਬੀਆਂ ਦੇ ਪਰਿਵਾਰਕ ਰਿਸ਼ਤਿਆਂ, ਖਾਸ ਕਰਕੇ ਪਿੱਛੇ ਭਾਰਤ ਵਿੱਚ ਰਹਿ ਗਈਆਂ ਪਤਨੀਆਂ ਦੀ ਮਾਨਸਿਕ ਅਤੇ ਸਰੀਰਕ ਤੜਪ ਨੂੰ ਬਹੁਤ ਹੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਇਸ ਕਹਾਣੀ ਦੀ ਬਣਤਰ ਵਿੱਚ ਪਿਛਲ-ਝਾਤ ਜੁਗਤ ਦੀ ਸਫ਼ਲ ਵਰਤੋਂ ਕੀਤੀ ਗਈ ਹੈ, ਜਿਹੜੀ ਨਾ ਕੇਵਲ ਮਹੱਤਵਪੂਰਨ ਘਟਨਾਵਾਂ ਨੂੰ ਲੜੀਬੱਧ ਕਰਦੀ ਹੈ, ਸਗੋਂ ਪਾਠਕ ਦੀ ਉਤਸੁਕਤਾ ਨੂੰ ਵੀ ਅਖੀਰ ਤੱਕ ਬਰਕਰਾਰ ਰੱਖਦੀ ਹੈ। ਕਹਾਣੀਕਾਰਾ ਨੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਪ੍ਰਤੀ ਮਰਦਾਨਾ ਦ੍ਰਿਸ਼ਟੀਕੋਣ ਨੂੰ ਤਿੱਖੇ ਵਿਅੰਗ ਰਾਹੀਂ ਉਭਾਰਿਆ ਹੈ। ਅਜੋਕੇ ਯੁੱਗ ਵਿੱਚ ਆਰਥਿਕ ਵਿਕਾਸ ਦੇ ਨਾਲ-ਨਾਲ ਆਈਆਂ ਸੱਭਿਆਚਾਰਕ ਤਬਦੀਲੀਆਂ ਨੇ ਪੁਰਾਤਨ ਮਾਨਤਾਵਾਂ ਅਤੇ ਸਮਾਜਿਕ ਮਾਪਦੰਡਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਪੱਛਮੀ ਮੁਲਕਾਂ ਵਿੱਚ ਹੋਏ ਆਰਥਿਕ ਵਿਕਾਸ ਨੇ ਰੁਜ਼ਗਾਰ ਦੇ ਅਜਿਹੇ ਮੌਕੇ ਪ੍ਰਦਾਨ ਕੀਤੇ ਜਿਸ ਨਾਲ ਜੀਵਨ ਆਤਮ-ਨਿਰਭਰ ਹੋ ਗਿਆ ਅਤੇ ਮੁਥਾਜੀ ਦਾ ਸੰਕਲਪ ਲਗਭਗ ਖ਼ਤਮ ਹੋ ਗਿਆ। ਪਦਾਰਥਕ ਸੁੱਖਾਂ ਅਤੇ ਆਰਥਿਕ ਪ੍ਰਾਪਤੀਆਂ ਨੇ ਸਮੁੱਚੀ ਜੀਵਨ-ਸ਼ੈਲੀ ਵਿੱਚ ਪਰਿਵਰਤਨ ਲਿਆਂਦਾ ਹੈ, ਜਿਸ ਵਿੱਚ ਵਿਅਕਤੀਗਤ ਸੁਤੰਤਰਤਾ ਅਤੇ ਆਤਮ-ਵਿਸ਼ਵਾਸ ਅਹਿਮ ਹਿੱਸਾ ਬਣ ਗਏ ਹਨ। 'ਰਜ਼ਾਈ' ਕਹਾਣੀ ਦੀ ਪਾਤਰ ਹਰਬੰਸ ਕੌਰ ਅਜਿਹੀ ਹੀ ਆਤਮ-ਵਿਸ਼ਵਾਸ ਨਾਲ ਭਰਪੂਰ ਔਰਤ ਵਜੋਂ ਉੱਭਰਦੀ ਹੈ, ਜਿਹੜੀ ਸਮਾਜ ਦੀਆਂ ਬੋਦੀਆਂ ਪਰੰਪਰਾਵਾਂ ਨਾਲ ਹਰ ਸੂਰਤ ਟਕਰਾਉਣ ਲਈ ਤਿਆਰ ਹੈ। ਇੱਥੇ ਕਹਾਣੀ ਦੀਆਂ ਕੁਝ ਸਤਰਾਂ ਹਰਬੰਸੋ ਦੇ ਆਤਮ ਵਿਸ਼ਵਾਸ ਦੀ ਪੇਸ਼ਗੀ ਕਰਦੀ ਹੈ :

*"ਤੂਫ਼ਾਨਾ ਵਿੱਚ ਹੁਣ ਮੈਂ ਨੀ ਡੁੱਬਦੀ ਜੀ। ਮੈਂ ਤੈਰਨਾ ਸਿੱਖੂਗੀ.... ਤੇ ਮੈਨੂੰ ਦੇਖ ਕੇ ਕਈ ਤੈਰਨਗੀਆਂ......।"* [3]

ਇਸ ਪ੍ਰਕਾਰ ਇਹ ਕਹਾਣੀ ਰਵਾਇਤੀ ਰਿਸ਼ਤਿਆਂ ਦੀ ਸੀਮਾ ਤੋਂ ਪਾਰ ਜਾ ਕੇ ਮਾਨਵੀ ਸੰਬੰਧਾਂ ਦੀ ਅਹਿਮੀਅਤ ਅਤੇ ਵਫ਼ਾਦਾਰੀ ਦੇ ਗੁੰਝਲਦਾਰ ਸਰੋਕਾਰਾਂ ਦਾ ਇੱਕ ਪ੍ਰਭਾਵਸ਼ਾਲੀ ਚਿੱਤਰ ਉਲੀਕਦੀ ਹੈ।

ਇਸ ਕਹਾਣੀ ਸੰਗ੍ਰਹਿ ਦੀ ਕਹਾਣੀ 'ਗ਼ਲਤ ਔਰਤ' ਮਨਜੀਤ ਨਾਂ ਦੀ ਪਾਤਰ ਰਾਹੀਂ ਪਰਵਾਸ ਦੀ ਭਿਆਨਕ ਤ੍ਰਾਸਦੀ ਅਤੇ ਮਾਨਵੀ ਸ਼ੋਸ਼ਣ ਦਾ ਪਾਜ਼ ਉਘਾੜਦੀ ਹੈ। ਪਤੀ ਦੀ ਲੰਮੀ ਉਡੀਕ ਮਗਰੋਂ ਗੈਰ-ਕਾਨੂੰਨੀ ਢੰਗ ਨਾਲ ਜਰਮਨੀ ਪਹੁੰਚਣ ਦਾ ਉਸਦਾ ਸਫ਼ਰ ਮਹਿਜ਼ ਭੂਗੋਲਿਕ ਦੂਰੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਤਸ਼ੱਦਦ ਦੀ ਇੱਕ ਦਰਦਨਾਕ ਦਾਸਤਾਨ ਹੈ। ਕਹਾਣੀਕਾਰਾ ਨੇ ਮਨਬਚਨੀ ਦੀ ਜੁਗਤ ਰਾਹੀਂ ਮਨਜੀਤ ਦੇ ਅੰਦਰੂਨੀ ਦਵੰਦ ਅਤੇ ਹੋਣੀ ਨੂੰ ਬੜੀ ਸ਼ਿੱਦਤ ਨਾਲ ਚਿਤਰਿਆ ਹੈ। ਪੰਜਾਬ ਤੋਂ ਜਰਮਨੀ ਤੱਕ ਫੈਲਿਆ ਕਹਾਣੀ ਦਾ ਧਰਾਤਲ ਅਤੇ ਸਥਾਨ-ਬਦਲੀ ਦੀਆਂ ਘਟਨਾਵਾਂ ਮਨਜੀਤ ਦੀ ਪੀੜ ਨੂੰ ਨਿਰੰਤਰ ਗੂੜ੍ਹਾ ਕਰਦੀਆਂ ਹਨ। ਕਹਾਣੀ ਵਿਚ ਜਦੋਂ ਮਨਜੀਤ ਏਜੰਟ ਹੱਥੋਂ ਇੱਜ਼ਤ ਤੇ ਹਮਲਾ ਹੁੰਦੇ ਦੇਖ ਕੇ ਆਪਣੇ ਪਤੀ ਦਾ ਨਾ ਲੈ ਕੇ ਉਨ੍ਹਾਂ ਨੂੰ ਧਮਕਾਉਂਦੀ ਹੈ ਤਾਂ ਅੱਗੇ ਏਜੰਟ ਆਖਦਾ ਹੈ :

*ਤੇਰਾ ਆਦਮੀ ਗੋਰੀਆਂ ਦੇ ਮੁਲਕ 'ਚ ਰਹਿੰਦੇ....। ਜਿੱਥੇ ਔਰਤਾਂ ਖੰਭਿਆਂ ਥੱਲੇ ਖੜ੍ਹੀਆਂ ਹੱਥ ਮਾਰ ਕੇ ਬੰਦੇ ਸੱਦ ਲੈਂਦੀਆਂ ਨੇ। ਤੈਨੂੰ ਕਿਵੇਂ ਪਸੰਦ ਕਰ ਲਿਆ ਉਹਨੇ ਦੜੇ ਦੇ ਮਾਲ ਨੂੰ....। ਟੋਨੀ ਜਦੋਂ ਬਦਤਮੀਜ਼ੀ ਦੀ ਹੱਦ ਟੱਪ ਗਿਆ, ਤਾਂ ਮਨਜੀਤ ਦਾ ਖ਼ੁਦ 'ਤੇ ਕਾਬੂ ਨਾ ਰਿਹਾ।"* [4]

ਇਹ ਕਹਾਣੀ ਗੈਰ-ਕਾਨੂੰਨੀ ਪਰਵਾਸ ਦੇ ਕਾਲੇ ਸੱਚ ਨੂੰ ਉਜਾਗਰ ਕਰਦਿਆਂ ਔਰਤ ਦੀ ਬੇਵਸੀ ਅਤੇ ਉਸ ਪ੍ਰਤੀ ਸਮਾਜਿਕ ਦ੍ਰਿਸ਼ਟੀਕੋਣ ਉੱਤੇ ਇੱਕ ਕਰਾਰੀ ਚੋਟ ਹੈ।

'ਸੁੱਕੀ ਖੂਹੀ' ਵੀਨਾ ਵਰਮਾ ਦੀ ਇੱਕ ਬਹੁ-ਪਰਤੀ ਪ੍ਰਤੀਕਾਤਮਕ ਕਹਾਣੀ ਹੈ, ਜੋ ਮਨੁੱਖੀ ਰਿਸ਼ਤਿਆਂ ਵਿੱਚ ਪਸਰੇ ਖਾਲੀਪਣ ਅਤੇ ਮਾਨਸਿਕ ਤਣਾਅ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਇਹ ਕਹਾਣੀ ਐਮੀ ਅਤੇ ਸ਼ੈਲੀ ਦੇ ਰਿਸ਼ਤੇ ਰਾਹੀਂ ਦੋਸਤੀ ਤੋਂ ਪਤੀ-ਪਤਨੀ ਤੱਕ ਦੇ ਸਫ਼ਰ ਵਿੱਚ ਆਈਆਂ ਤਰੇੜਾਂ ਅਤੇ ਰੂਹਾਨੀ ਸੱਖਣੇਪਣ ਨੂੰ ਉਜਾਗਰ ਕਰਦੀ ਹੈ। ਇੰਗਲੈਂਡ ਦੀ ਜੰਮੀ-ਪਲੀ ਸ਼ੈਲੀ ਅਤੇ ਪਾਕਿਸਤਾਨੀ ਪਿਛੋਕੜ ਵਾਲੇ ਐਮੀ ਦੇ ਪਾਤਰਾਂ ਰਾਹੀਂ ਕਹਾਣੀਕਾਰਾ ਨੇ ਪੱਛਮੀ ਸੱਭਿਆਚਾਰ ਵਿੱਚ ਰਚੇ-ਮਿਚੇ ਪਰਵਾਸੀਆਂ ਦੀ ਮਾਨਸਿਕ ਤ੍ਰਾਸਦੀ ਉੱਤੇ ਤਿੱਖਾ ਵਿਅੰਗ ਕੀਤਾ ਹੈ। 'ਸੁੱਕੀ ਖੂਹੀ' ਦਾ ਬਿੰਬ ਰਿਸ਼ਤਿਆਂ ਦੀ ਉਸ ਗੰਧਲੀ ਅਤੇ ਡੂੰਘੀ ਖਾਈ ਦਾ ਪ੍ਰਤੀਕ ਬਣ ਕੇ ਉੱਭਰਦਾ ਹੈ। ਕਹਾਣੀ ਵਿਚ ਔਰਤ ਦੀ ਜਾਗ੍ਰਿਤੀ ਉਸਦੀ ਵਿੱਦਿਅਕ ਯੋਗਤਾ ਦੀ ਮੁਥਾਜ ਨਹੀਂ, ਸਗੋਂ ਉਸਦੀ ਸਵੈ-ਮਾਣ ਦੀ ਚੇਤਨਾ ਉੱਤੇ ਆਧਾਰਿਤ ਹੈ। ਉਹ ਹੁਣ ਮਰਦ ਦੀ ਹਰ ਵਧੀਕੀ ਦਾ ਜਵਾਬ ਅਤੇ ਹਿਸਾਬ ਮੰਗਦੀ ਹੈ। ਕਹਾਣੀ ਵਿੱਚ ਜਦੋਂ

ਐਮੀ ਕਿਸੇ ਹੋਰ ਔਰਤ ਨਾਲ ਸਰੀਰਕ ਸਬੰਧ ਬਣਾਉਣ ਉਪਰੰਤ ਮਹਿਜ਼ 'ਸੋਰੀ' ਰਾਹੀਂ ਸ਼ੈਲੀ ਨਾਲ ਮੁੜ ਰਿਸ਼ਤਾ ਜੋੜਨਾ ਚਾਹੁੰਦਾ ਹੈ ਤਾਂ ਸ਼ੈਲੀ ਉਸ ਨੂੰ ਸਿਰੇ ਤੋਂ ਨਕਾਰ ਦਿੰਦੀ ਹੈ। ਸ਼ੈਲੀ ਦਾ ਇਹ ਇਨਕਾਰ ਮਹਿਜ਼ ਇੱਕ ਪ੍ਰਤੀਕਿਰਿਆ ਨਹੀਂ, ਸਗੋਂ ਉਸ ਨਵੀਂ ਚੇਤੰਨ ਔਰਤ ਦਾ ਫ਼ਰਮਾਨ ਹੈ ਜਿਹੜੀ ਮਰਦ ਦੀ ਅਯਾਸ਼ੀ ਅਤੇ ਰਿਸ਼ਤਿਆਂ ਵਿੱਚ ਦੋਹਰੇ ਮਾਪਦੰਡਾਂ ਨੂੰ ਸਵੀਕਾਰ ਕਰਨ ਤੋਂ ਨਾਂਹ ਕਰਦੀ ਹੈ। ਇਹ ਪਾਤਰ ਪਿੱਤਰ-ਸੱਤਾਮਕ ਸੋਚ ਦੀਆਂ ਬੇੜੀਆਂ ਨੂੰ ਤੋੜ ਕੇ ਆਪਣੇ ਅਸਤਿਤਵ ਦੀ ਰਾਖੀ ਖੁਦ ਕਰਨਾ ਜਾਣਦੀ ਹੈ। ਉਸਦਾ ਇਹ ਜਵਾਬ ਉਸਦੀ ਚੇਤੰਨਤਾ ਨੂੰ ਦਰਸਾਉਂਦਾ ਹੈ:

> *"ਮੈਂ ਤੇਰੇ ਨਾਲ ਨਹੀਂ ਰਹਿ ਸਕਦੀ। ਪਲੀਜ ਟਰਾਈ ਟੂ ਅੰਡਰਸਟੈਂਡ ਮੀ...। ਯੂ ਬਿਟਰੇਅਡ ਮੀ...। ਆਈ ਫੋਰਗੇਵ ਯੂ ਬਟ ਆਈ ਕਾਂਟ ਫਾਰਗੈਟ।" ਸ਼ੈਲੀ ਦਾ ਜਿਵੇਂ ਖੁਦ 'ਤੇ ਕੰਟਰੋਲ ਨਹੀਂ ਸੀ। "ਪਾਗਲ ਨਾ ਬਣ। ਕੋਈ ਗਲਤੀ ਹੋ ਵੀ ਗਈ ਤਾਂ ਕਿਹੜਾ ਮੈਂ ਬੰਦਾ ਮਾਰ ਦਿੱਤਾ....। ਵੀ ਹੈਵ ਟੂ ਰੀਸਟਾਰਟ ਦਾ ਲਾਈਫ।" ਐਮੀ ਨੇ ਸਮਝਾਇਆ। "ਪਰ ਇਹ ਮੇਰੇ ਲਈ ਮੈਂਟਲ ਟਾਰਚਰ ਹੈ ਐਮੀ........ਕਿ ਮੈਂ ਜਦੋਂ ਵੀ ਘਰੋਂ ਬਾਹਰ ਜਾਵਾਂ, ਮੇਰੇ ਦਿਲ 'ਚ ਹਮੇਸ਼ਾਂ ਇਹ ਸ਼ੱਕ ਕਾਇਮ ਰਹੇ ਕਿ ਮੇਰਾ ਆਦਮੀ ਮੇਰੇ ਬਿਸਤਰ 'ਚ ਕਿਸੇ ਹੋਰ ਔਰਤ ਨਾਲ ਸੁੱਤਾ ਪਿਆ ਹੋਣਾ। ਔਰਤ ਲਈ ਇਸ ਤੋਂ ਵੱਡੀ ਸਜ਼ਾ ਹੋਰ ਕੋਈ ਨਹੀਂ .....।"* [5]

ਪਰਵਾਸ ਵਿੱਚ ਵੱਸਦੀਆਂ ਬਹੁਤੀਆਂ ਪੰਜਾਬੀ ਔਰਤਾਂ ਅਜੇ ਵੀ ਭਾਰਤੀ ਰੂੜ੍ਹੀਵਾਦੀ ਮਾਪਦੰਡਾਂ ਅਨੁਸਾਰ ਜੀਵਨ ਜਿਊਣ ਲਈ ਮਜਬੂਰ ਹਨ, ਪਰ ਵੀਨਾ ਵਰਮਾ ਦੇ ਨਾਰੀ ਪਾਤਰ ਇਸ ਪੱਖੋਂ ਵਧੇਰੇ ਚੇਤੰਨ ਅਤੇ ਵਿਦਰੋਹੀ ਨਜ਼ਰ ਆਉਂਦੇ ਹਨ।

ਪੱਛਮੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਪੰਜਾਬੀ ਔਰਤ ਦੀ ਸੁਤੰਤਰ ਹੋਂਦ ,ਆਪਣੀਆਂ ਇੱਛਾਵਾਂ ਅਤੇ ਆਪਣੇ ਹੱਕ ਦਾ ਪ੍ਰਗਟਾਵਾ ਕਰਦੀ ਕਹਾਣੀ 'ਬੰਦ ਬੂਹਾ' ਹੈ। ਸੋਮਾ ਨਾਂ ਦੀ ਪਾਤਰ ਰਵਾਇਤੀ ਨੈਤਿਕਤਾ ਦੇ ਉਨ੍ਹਾਂ ਦੂਹਰੇ ਮਾਪਦੰਡਾਂ ਨੂੰ ਚੁਣੌਤੀ ਦਿੰਦਾ ਹੈ, ਜਿੱਥੇ ਉਹ ਸਮਾਜਿਕ ਡਰ ਦੀ ਬਜਾਏ ਆਪਣੀ ਜੀਵਨ-ਸ਼ੈਲੀ ਨੂੰ ਆਪਣੀ ਮਰਜ਼ੀ ਅਨੁਸਾਰ ਜਿਊਣ ਦਾ ਸਾਹਸ ਦਿਖਾਉਂਦੀ ਹੈ। ਜਦੋਂ ਉਹ ਸਮਾਜ ਬਾਰੇ ਟਿੱਪਣੀਆਂ ਕਰਦੀ ਹੈ ਤਾਂ ਉਹ ਅਸਲ ਵਿੱਚ ਉਸ ਪਿੱਤਰਸੱਤਾ ਵਾਲੇ ਢਾਂਚੇ ਨੂੰ ਵੰਗਾਰਦੀ ਹੈ ਜਿਹੜਾ ਔਰਤ ਦੀ ਸਰੀਰਕ ਅਤੇ ਮਾਨਸਿਕ ਆਜ਼ਾਦੀ ਨੂੰ ਅਨੈਤਿਕਤਾ ਦਾ ਨਾਂ ਦਿੰਦਾ ਹੈ। ਉਸ ਦੀ ਚੋਣ ਕਿਸੇ ਗ਼ਲਤ ਰਸਤੇ ਦਾ ਇਜ਼ਹਾਰ ਨਹੀਂ, ਸਗੋਂ ਆਪਣੇ ਆਪੇ ਅਤੇ ਸਰੀਰਕ ਆਜ਼ਾਦੀ ਉੱਤੇ ਉਸ ਦੀ ਮਜ਼ਬੂਤ ਪਕੜ ਦਾ ਸੰਕੇਤ ਹੈ। ਆਪਣੇ ਬੇਟੇ ਰੂਬੀ ਦੇ ਵਿਵਹਾਰ ਕਾਰਨ ਪੈਦਾ ਹੋਈ ਚਿੰਤਾ ਉਸ ਦੀ ਨੈਤਿਕ ਹਾਰ ਨਹੀਂ, ਸਗੋਂ ਆਪਣੀ ਆਜ਼ਾਦ ਹਸਤੀ ਅਤੇ ਇੱਕ ਮਾਂ ਦੀ ਜ਼ਿੰਮੇਵਾਰੀ ਵਿਚਕਾਰ ਪੈਦਾ ਹੋਏ ਮਨੋਵਿਗਿਆਨਕ ਦਵੰਦ ਦੀ ਪੇਸ਼ਕਾਰੀ ਹੈ।

ਕਹਾਣੀ 'ਇੱਕ ਸੀ ਮੈਂ' ਅਨੀਤਾ ਦੇ ਕਿਰਦਾਰ ਰਾਹੀਂ ਔਰਤ ਦੀ ਮਾਨਸਿਕ ਦ੍ਰਿੜਤਾ ਅਤੇ ਉਸ ਦੀ ਭਾਵਨਾਤਮਕ ਸੁਤੰਤਰਤਾ ਨੂੰ ਪੇਸ਼ ਕਰਦੀ ਹੈ। ਰਾਜਵੀਰ ਦੀ ਚਿੱਠੀ ਅਨੀਤਾ ਲਈ ਮਹਿਜ਼ ਇੱਕ ਯਾਦ ਨਹੀਂ, ਸਗੋਂ ਉਸ ਦੇ ਆਪਣੇ 'ਆਪੇ' ਦੀ ਮੁੜ-ਪਛਾਣ ਦਾ ਜ਼ਰੀਆ ਬਣਦੀ ਹੈ। ਪਤੀ ਵੱਲੋਂ ਮਿਲੀ ਮਾਨਸਿਕ ਪੀੜਾ ਦੇ ਬਾਵਜੂਦ ਉਹ ਖ਼ੁਦ ਨੂੰ ਇੱਕ ਪੀੜਤ ਵਜੋਂ ਨਹੀਂ, ਸਗੋਂ ਮਨਬਚਨੀ ਅਤੇ ਮਿਥਿਹਾਸਕ ਹਵਾਲਿਆਂ ਰਾਹੀਂ ਇੱਕ ਮਜ਼ਬੂਤ ਹਸਤੀ ਵਜੋਂ ਸਥਾਪਿਤ ਕਰਦੀ ਹੈ। ਉਸ ਦਾ ਵਿਛੜੇ ਪ੍ਰੇਮੀ ਦੀਆਂ ਯਾਦਾਂ ਸਹਾਰੇ ਜਿਊਣ ਦਾ ਫ਼ੈਸਲਾ ਉਸ ਦੀ ਭਾਵਨਾਤਮਕ ਖ਼ੁਦਮੁਖਤਿਆਰੀ ਦਾ ਪ੍ਰਗਟਾਵਾ ਹੈ। ਇਹ ਦਰਸਾਉਂਦਾ ਹੈ ਕਿ ਉਹ ਆਪਣੀ ਖ਼ੁਸ਼ੀ ਅਤੇ ਹੋਂਦ ਲਈ ਕਿਸੇ ਮਰਦ ਦੀ ਸਰੀਰਕ ਮੌਜੂਦਗੀ ਦੀ ਮੁਥਾਜ ਨਹੀਂ, ਸਗੋਂ ਆਪਣੀ ਤਨਹਾਈ ਵਿੱਚ ਵੀ ਇੱਕ ਸੰਪੂਰਨ ਅਤੇ ਸੁਤੰਤਰ ਜੀਵਨ ਜਿਊਣ ਦੇ ਸਮਰੱਥ ਹੈ।

ਕਹਾਣੀ 'ਲਿਬੜੀ ਹੋਈ ਚਾਦਰ' ਸੁਜਾਤਾ ਦੇ ਕਿਰਦਾਰ ਰਾਹੀਂ ਔਰਤ ਦੀ ਸਵੈ-ਨਿਰਭਰਤਾ ਅਤੇ ਅੰਦਰੂਨੀ ਦਲੇਰੀ ਦਾ ਪ੍ਰਭਾਵਸ਼ਾਲੀ ਚਿਤਰਨ ਕਰਦੀ ਹੈ। ਜਦੋਂ ਸੁਜਾਤਾ ਨੂੰ ਆਪਣੀ ਹੋਂਦ ਅਤੇ ਸ਼ਕਤੀ ਦਾ ਅਹਿਸਾਸ ਹੁੰਦਾ ਹੈ, ਤਾਂ ਉਹ ਮਰਦ-ਪ੍ਰਧਾਨ ਸਮਾਜ ਦੇ ਰਹਿਮੋ-ਕਰਮ ਉੱਤੇ ਜਿਊਣ ਤੋਂ ਇਨਕਾਰ ਕਰ ਦਿੰਦੀ ਹੈ। ਉਸ ਦੀ ਮਨੋਅਵਸਥਾ ਇਹ ਸਪੱਸ਼ਟ ਕਰਦੀ ਹੈ ਕਿ ਇੱਕ ਸਵੈ-ਨਿਰਭਰ ਔਰਤ ਕਿਸੇ ਵੀ ਮਾਨਸਿਕ ਜਾਂ ਸਮਾਜਿਕ ਗੁਲਾਮੀ ਨੂੰ ਸਵੀਕਾਰ ਨਹੀਂ ਕਰਦੀ। ਉਹ ਆਪਣੇ ਅਤੀਤ ਜਾਂ ਹਾਲਾਤਾਂ ਦੇ ਬੋਝ ਨੂੰ ਲਾਹ ਕੇ ਸਵੈ-ਮਾਣ ਨਾਲ ਜਿਊਣ ਦਾ ਰਾਹ ਚੁਣਦੀ ਹੋਈ ਕਹਿੰਦੀ ਹੈ, *"ਕੀ ਸਮਝਦੇ ਹੋ ਤੁਸੀਂ ਮਰਦ ਲੋਗ ਸਾਨੂੰ ? ਸੋਲ੍ਹਵੀਂ ਸਦੀ ਦੀ ਔਰਤ ਹਾਂ ਮੈਂ, ਜੋ ਤੇਰੇ ਰਹਿਮ ਤੇ ਜੀਵਾਂਗੀ?" ਸੁਜਾਤਾ ਨੇ ਉਸੇ ਦੀ ਕਹੀ ਗੱਲ ਉਸਦੇ ਪੱਥਰ ਵਾਂਗ ਮਾਰੀ।"* [6] ਇਹ ਕਹਾਣੀ ਔਰਤ ਨੂੰ ਇੱਕ ਬੇਵੱਸ ਪਾਤਰ ਦੀ ਬਜਾਏ ਆਪਣੀ ਕਿਸਮਤ ਖ਼ੁਦ ਘੜਨ ਵਾਲੀ ਇੱਕ ਨਿਰਣਾਇਕ ਅਤੇ ਸੁਤੰਤਰ ਹਸਤੀ ਵਜੋਂ ਪੇਸ਼ ਕਰਦੀ ਹੈ।

ਕਹਾਣੀ 'ਚੁੱਪ ਕੀਤੀ' ਦੀ ਪਾਤਰ ਬਿੱਲੋ ਰਾਹੀਂ ਔਰਤ ਦੇ ਸਵੈ-ਨਿਰਣੈ ਅਤੇ ਮਾਨਸਿਕ ਆਜ਼ਾਦੀ ਦਾ ਪ੍ਰਗਟਾਵਾ ਹੁੰਦਾ ਹੈ। ਉਹ ਅਣਚਾਹੇ ਰਿਸ਼ਤੇ ਦੀ ਗੁਲਾਮੀ ਅਤੇ ਤ੍ਰਿਸਕਾਰ ਨੂੰ ਸਹਿਣ ਦੀ ਬਜਾਏ, ਆਪਣੇ ਸਵੈ-ਮਾਣ ਨੂੰ ਪਹਿਲ ਦਿੰਦੀ ਹੈ। ਬਿੱਲੋ ਦਾ ਵਿਦਰੋਹੀ ਸੁਰ ਇਹ ਸਾਬਤ ਕਰਦਾ ਹੈ ਕਿ ਅਜੋਕੀ ਔਰਤ ਹੁਣ ਮਰਦ ਦੀ ਅਧੀਨਗੀ ਸਵੀਕਾਰ ਕਰਨ ਦੀ ਬਜਾਏ ਆਪਣੀ ਸੁਤੰਤਰ ਹੋਂਦ ਲਈ ਡੱਟ ਕੇ ਖੜ੍ਹੀ ਹੈ। ਉਸ ਦੀ ਚੁੱਪ ਦਾ ਟੁੱਟਣਾ ਸਦੀਆਂ ਦੀ ਦੁਰਗਤੀ ਦੇ ਖ਼ਿਲਾਫ਼ ਇੱਕ ਅਜਿਹੀ ਚੁਣੌਤੀ ਹੈ, ਜਿਹੜੀ ਔਰਤ ਨੂੰ ਇੱਕ ਸਵੈ- ਹਸਤੀ ਵਜੋਂ ਸਥਾਪਿਤ ਕਰਦੀ ਹੈ। ਬਿੱਲੋ ਰਵਾਇਤੀ ਸਮਾਜਿਕ ਢਾਂਚੇ ਅਤੇ ਜਾਤ-ਪਾਤ ਦੀਆਂ ਵੰਡੀਆਂ ਦੇ ਖ਼ਿਲਾਫ਼ ਇੱਕ ਸੁਤੰਤਰ ਸਵੈ-ਚੇਤਨਾ ਦਾ ਪ੍ਰਤੀਕ ਹੈ। ਪਰਿਵਾਰ ਵੱਲੋਂ ਉਸਦੀ ਇੱਛਾ ਦੇ ਵਿਰੁੱਧ ਕੀਤੇ ਗਏ ਵਿਆਹ ਨੂੰ ਉਹ ਮਹਿਜ਼ ਇੱਕ ਸਮਝੌਤਾ ਨਹੀਂ, ਸਗੋਂ ਆਪਣੀ ਹੋਂਦ ਉੱਤੇ ਹਮਲਾ ਮੰਨਦੀ ਹੈ। ਉਸਦੀ ਮਾਨਸਿਕ ਤੜਫ਼ ਅਸਲ ਵਿੱਚ ਉਸਦੇ ਆਜ਼ਾਦ ਖ਼ਿਆਲਾਂ ਅਤੇ ਰੂੜ੍ਹੀਵਾਦੀ ਜਬਰ ਵਿਚਕਾਰਲਾ ਸੰਘਰਸ਼ ਹੈ। ਬਿੱਲੋ ਦੇ ਬੋਲ ਜਾਤ-ਪਾਤ ਅਤੇ ਬੇਮੇਲ ਵਿਆਹ ਵਰਗੀਆਂ ਕੁਰੀਤੀਆਂ ਨੂੰ ਵੰਗਾਰਦੇ ਹੋਏ ਔਰਤ ਦੀ ਭਾਵਨਾਤਮਕ ਖ਼ੁਦਮੁਖਤਿਆਰੀ ਦੀ ਪੈਰਵੀ ਕਰਦੇ ਹਨ। ਇਸ ਦਾ ਪ੍ਰਗਟਾਵਾ ਬਿੱਲੋ ਦੇ ਹੇਠਲੇ ਬੋਲਾਂ ਤੋਂ ਹੁੰਦਾ ਹੈ, ਜਿਵੇ :

> *"ਕੋਈ ਬਿਮੀ ਬੁੰਮੀ ਨਹੀਂ ਆਂ ਮੈਂ...। ਬਿੱਲੋ ਆਂ ਬਿੱਲੋ.... ਛੀਬਿਆਂ ਦੇ ਮੁੰਡੇ ਨੂੰ ਪਿਆਰ ਕਰਨ ਵਾਲੀ ਬਿੱਲੋ.... ਜਿਹਨੂੰ ਉਹਦੇ ਪਿਓ ਨੇ ਗੱਠਰੀ ਵਿਚ ਬੰਨ੍ਹ ਕੇ ਵਲੈਤ ਭੇਜਤਾ ਸੀ। ਮੈਂ ਆਪਣੀ ਸਜ਼ਾ ਕੱਟ ਚੁੱਕੀ ਹਾਂ.... ਕਿਸੇ ਵੀ ਦੋਸ਼ 'ਚ ਦੋ ਵਾਰੀ ਸਜ਼ਾ ਨਹੀਂ ਮਿਲਦੀ ਕਿਸੇ ਨੂੰ। ਥੋਡੇ ਘਰੋਂ ਹੁਣ ਮੈਂ ਉਥੇ ਜਾਊਂਗੀ ਜਿਥੇ ਮੇਰਾ ਦਿਲ ਕਰੂਗਾ..। ਬਿੱਲੋ ਨੇ ਪਤੀ ਨੂੰ ਚੈਲੰਜ ਕੀਤਾ।"* [7]

ਕਹਾਣੀ 'ਕਾਲ਼ਾ ਬਲਦ' ਨੂੰ ਜੇਕਰ ਨਾਰੀਵਾਦੀ ਨਜ਼ਰੀਏ ਅਤੇ ਪਰਿਵਾਰਕ ਗਤੀਸ਼ੀਲਤਾ ਦੇ ਰੂਪ ਵਿੱਚ ਦੇਖਿਆ ਜਾਵੇ ਤਾਂ ਇਹ ਰੁਲੀਆ ਰਾਮ ਦੀ ਪਤਨੀ ਰਾਹੀਂ ਔਰਤ ਦੀ ਸੁਤੰਤਰ ਹੋਂਦ ਅਤੇ ਸਵੈ-ਨਿਰਣਾਇਕ ਸ਼ਕਤੀ ਨੂੰ ਪੇਸ਼ ਕਰਦੀ ਹੈ।

ਜਦੋਂ ਰੁਲੀਆ ਰਾਮ ਦੀ ਪਤਨੀ ਦੇਸ਼ ਪਰਤਣ ਤੋਂ ਇਨਕਾਰ ਕਰਦੀ ਹੈ ਤਾਂ ਇਹ ਉਸ ਦਾ ਮਹਿਜ਼ ਇੱਕ ਫ਼ੈਸਲਾ ਨਹੀਂ, ਸਗੋਂ ਸਦੀਆਂ ਦੀ ਅਧੀਨਗੀ ਤੋਂ ਬਾਅਦ ਆਪਣੇ ਜੀਵਨ ਉੱਤੇ ਆਪਣਾ ਹੱਕ ਜਤਾਉਣ ਦਾ ਇੱਕ ਸਾਹਸੀ ਕਦਮ ਹੈ। ਉਹ ਰੁਲੀਆ ਰਾਮ ਦੀ ਕੀਤੀ ਕਮਾਈ ਦੇ ਬੋਝ ਹੇਠ ਦਬਣ ਦੀ ਥਾਂ ਪੱਛਮੀ ਸੱਭਿਆਚਾਰ ਵਿੱਚ ਰਹਿ ਕੇ ਆਪਣੀ ਵੱਖਰੀ ਪਛਾਣ ਬਣਾਉਣ ਨੂੰ ਪਹਿਲ ਦਿੰਦੀ ਹੈ। ਇਹ ਕਹਾਣੀ ਦਰਸਾਉਂਦੀ ਹੈ ਕਿ ਔਰਤ ਹੁਣ ਸਿਰਫ਼ ਮਰਦ ਦੇ ਰਹਿਮੋ-ਕਰਮ ਉੱਤੇ ਪਲਣ ਵਾਲੀ ਇਕਾਈ ਨਹੀਂ ਰਹੀ, ਸਗੋਂ ਉਹ ਬਦਲਦੇ ਹਾਲਾਤਾਂ ਵਿੱਚ ਆਪਣੇ ਹਿੱਤਾਂ ਅਤੇ ਸੁਤੰਤਰ ਜੀਵਨ ਲਈ ਸਖ਼ਤ ਫ਼ੈਸਲੇ ਲੈਣ ਦੇ ਸਮਰੱਥ ਹੈ। ਵੀਨਾ ਵਰਮਾ ਨੇ ਇਸ ਨੂੰ ਔਰਤ ਦੀ ਭਾਵਨਾਤਮਕ ਅਤੇ ਆਰਥਿਕ ਮੁਕਤੀ ਦੇ ਇੱਕ ਨਵੇਂ ਸੰਕਲਪ ਵਜੋਂ ਉਭਾਰਿਆ ਹੈ।

ਕਹਾਣੀ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ 'ਫਰੰਗੀਆਂ ਦੀ ਨੂੰਹ' ਵਿੱਚ ਸ਼ਾਂਤੀ ਦਾ ਪਾਤਰ ਔਰਤ ਦੀ ਭਾਵਨਾਤਮਕ ਸੁਤੰਤਰਤਾ ਅਤੇ ਰੂਹਾਨੀ ਖ਼ੁਦਮੁਖ਼ਤਿਆਰੀ ਦਾ ਇੱਕ ਬਿਹਤਰੀਨ ਉਦਾਹਰਨ ਹੈ। ਉਹ ਰਵਾਇਤੀ ਸਮਾਜ ਦੇ ਉਨ੍ਹਾਂ ਸੰਕਲਪਾਂ ਨੂੰ ਰੱਦ ਕਰਦੀ ਹੈ ਜੋ ਔਰਤ ਨੂੰ ਸਿਰਫ਼ ਇੱਕ ਸਰੀਰਕ ਵਸਤੂ ਵਜੋਂ ਦੇਖਦੇ ਹਨ। ਉਸ ਲਈ ਇਸ਼ਕ ਮਹਿਜ਼ ਕਾਮ-ਪੂਰਤੀ ਨਹੀਂ, ਸਗੋਂ ਇੱਕ ਉੱਚ ਆਤਮਿਕ ਦਰਜਾ ਹੈ, ਜਿੱਥੇ ਉਹ ਇੱਕ ਮਰਦ ਦੀ ਮਾਨਸਿਕ ਗੁਲਾਮੀ ਨੂੰ ਤਿਆਗ ਕੇ ਆਪਣੇ ਮਨ ਦੀ ਕੋਮਲਤਾ ਅਤੇ ਸ਼ੁੱਧਤਾ ਅਨੁਸਾਰ ਜੀਵਨ ਸਾਥੀ ਦੀ ਚੋਣ ਕਰਦੀ ਹੈ। ਸ਼ਾਂਤੀ ਦਾ ਕਿਰਦਾਰ ਔਰਤ ਮਨ ਦੀ ਡੂੰਘਾਈ ਨੂੰ ਬਹੁਤ ਬਖੂਬੀ ਚਿਤਰਦਾ ਹੈ ਜਿਵੇਂ , *"ਇਸ਼ਕ ਬਹੁਤ ਉੱਚੀ ਚੀਜ਼ ਐ ਭਗਤੀ ਵਾਂਗ। ਬੰਦੇ ਨੂੰ ਬਹੁਤ ਵਸਾਲ ਕਰ ਦਿੰਦੇ ਇਸ਼ਕ ਤੇ ਬੰਦੇ ਤੋਂ ਦੇਵਤਾ ਬਣਾ ਦਿੰਦੇ।"* [8] ਇਹ ਕਹਾਣੀ ਦਰਸਾਉਂਦੀ ਹੈ ਕਿ ਜਦੋਂ ਔਰਤ ਨੂੰ ਆਪਣੀ ਭਾਵੁਕਤਾ ਅਤੇ ਇੱਛਾ ਅਨੁਸਾਰ ਜੀਉਣ ਦੀ ਖੁੱਲ੍ਹ ਮਿਲਦੀ ਹੈ ਤਾਂ ਉਹ ਸਰੀਰਕ ਲੋੜਾਂ ਤੋਂ ਉੱਪਰ ਉੱਠ ਕੇ ਰੂਹਾਂ ਦੀ ਸਾਂਝ ਵਾਲੇ ਸਾਰਥਕ ਰਿਸ਼ਤੇ ਸਿਰਜਣ ਦੀ ਸਮਰੱਥਾ ਰੱਖਦੀ ਹੈ। ਵੀਨਾ ਵਰਮਾ ਦੀਆਂ ਨਾਇਕਾਵਾਂ ਸਿਰਫ਼ ਚਾਰ-ਦੀਵਾਰੀ ਵਾਲੇ ਘਰ ਦੀ ਤਲਾਸ਼ ਵਿੱਚ ਨਹੀਂ ਹਨ, ਸਗੋਂ ਉਹ ਆਪਣੀ ਸੁਤੰਤਰ ਹੋਂਦ ਅਤੇ ਸਵੈ-ਮਾਣ ਦੇ ਆਧਾਰ ਉੱਤੇ ਇੱਕ ਅਜਿਹੀ ਰੂਹਾਨੀ ਦੁਨੀਆ ਸਿਰਜਦੀਆਂ ਹਨ ਜਿੱਥੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਪੂਰਨ ਮਾਨਤਾ ਮਿਲਦੀ ਹੈ। ਸ਼ਾਂਤੀ ਦਾ ਕਿਰਦਾਰ ਔਰਤ ਦੀ ਆਤਮਿਕ ਆਜ਼ਾਦੀ ਅਤੇ ਉਸਦੇ ਦ੍ਰਿੜ ਇਰਾਦੇ ਦਾ ਪ੍ਰਤੀਕ ਬਣ ਕੇ ਉੱਭਰਦਾ ਹੈ।

ਕਹਾਣੀ 'ਚਾਰ ਰਾਤਾਂ' ਬਿੰਦੂ ਦੇ ਕਿਰਦਾਰ ਰਾਹੀਂ ਔਰਤ ਦੀ ਸਰੀਰਕ ਅਤੇ ਮਾਨਸਿਕ ਖ਼ੁਦਮੁਖਤਿਆਰੀ ਦਾ ਇੱਕ ਬੇਬਾਕ ਚਿਤਰਣ ਪੇਸ਼ ਕਰਦੀ ਹੈ। ਫ਼ਰਾਇਡ ਦੇ ਮਨੋਵਿਸ਼ਲੇਸ਼ਣ ਦੇ ਸੰਦਰਭ ਵਿੱਚ ਇਹ ਕਹਾਣੀ ਔਰਤ ਦੀਆਂ ਜਿਣਸੀ ਲੋੜਾਂ ਨੂੰ ਮਹਿਜ਼ ਸਰੀਰਕ ਰੁਚੀ ਵਜੋਂ ਨਹੀਂ, ਸਗੋਂ ਉਸ ਦੀ ਸੰਪੂਰਨ ਹੋਂਦ ਦੇ ਇੱਕ ਅਨਿੱਖੜਵੇਂ ਅਤੇ ਜ਼ਰੂਰੀ ਅੰਗ ਵਜੋਂ ਸਥਾਪਿਤ ਕਰਦੀ ਹੈ। ਬਿੰਦੂ ਦਾ ਵੱਖ-ਵੱਖ ਮਰਦਾਂ ਨਾਲ ਜੁੜਨਾ ਅਤੇ ਫਿਰ ਟੁੱਟਣਾ ਉਸ ਦੀ ਕੋਈ ਨੈਤਿਕ ਭਟਕਣਾ ਨਹੀਂ ਹੈ, ਸਗੋਂ ਇਹ ਉਸ ਅੰਦਰਲੀ ਇੱਕ ਅਜਿਹੀ ਖੋਜ ਹੈ ਜਿੱਥੇ ਉਹ ਮਰਦ-ਪ੍ਰਧਾਨ ਸਮਾਜ ਦੇ ਦੂਹਰੇ ਮਾਪਦੰਡਾਂ ਨੂੰ ਵੰਗਾਰਦੀ ਹੋਈ ਆਪਣੇ ਸਰੀਰ ਅਤੇ ਮਨ ਦੀ ਤ੍ਰਿਪਤੀ ਲਈ ਸਵੈ-ਨਿਰਣਾ ਲੈਂਦੀ ਹੈ। ਪਰਵਾਸੀ ਸੱਭਿਆਚਾਰ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਉਹ ਆਪਣੀਆਂ ਦਮਿਤ ਇੱਛਾਵਾਂ ਨੂੰ ਜ਼ਬਾਨ ਦਿੰਦੀ ਹੈ, ਜਿਹੜਾ ਇਹ ਸਾਬਤ ਕਰਦਾ ਹੈ ਕਿ ਔਰਤ ਵੀ ਮਰਦ ਵਾਂਗ ਆਪਣੀਆਂ ਸਰੀਰਕ ਅਤੇ ਭਾਵਨਾਤਮਕ ਲੋੜਾਂ ਪ੍ਰਤੀ ਸੁਤੰਤਰ ਅਤੇ ਜਾਗਰੂਕ ਹੈ। ਕਹਾਣੀ ਦੇ ਅੰਤ ਵਿੱਚ ਉਸ ਦੀ ਪੀੜਾ ਤੋਂ ਮੁਕਤੀ ਉਸ ਦੀ ਅੰਦਰੂਨੀ ਮਜ਼ਬੂਤੀ ਅਤੇ ਸਵੈ-ਪਛਾਣ ਦਾ ਸੰਕੇਤ ਹੈ। ਵੀਨਾ ਵਰਮਾ ਨੇ ਬਿੰਦੂ ਰਾਹੀਂ ਔਰਤ ਨੂੰ ਇੱਕ ਅਧੀਨ ਜਾਂ 'ਭੋਗਣ ਵਾਲੀ ਵਸਤੂ' ਦੇ ਰੂਪ ਵਿੱਚ ਪੇਸ਼ ਕਰਨ ਦੀ ਬਜਾਏ, ਇੱਕ ਅਜਿਹੀ ਸੁਤੰਤਰ ਮਾਨਵੀ ਇਕਾਈ ਵਜੋਂ ਚਿਤਰਿਆ ਹੈ ਜੋ ਆਪਣੀਆਂ ਲੋੜਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਪ੍ਰਗਟਾਉਣ ਦਾ ਪੂਰਾ ਹੱਕ ਰੱਖਦੀ ਹੈ। ਇਹ ਬਿਰਤਾਂਤ ਔਰਤ ਦੀ ਹੋਂਦ ਨੂੰ ਨਵੇਂ ਅਤੇ ਆਧੁਨਿਕ ਅਰਥ ਪ੍ਰਦਾਨ ਕਰਦਾ ਹੈ,

> *"ਹੋਇਆ ਤਾਂ ਕੁਸ਼ ਨਹੀਂ ਮੈਨੂੰ ਚੰਗੀ ਭਲੀ ਆਂ ਕੋਈ ਬਿਮਾਰੀ ਨਹੀਂ। ਚਾਰ ਰਾਤਾਂ ਕਿਸੇ ਚੱਜ ਦੇ ਬੰਦੇ ਨਾਲ ਸੌਂ ਲਵਾਂ ਠੀਕ ਹੋ ਜਾਵਾਂ। ਬਿੰਦੂ ਨੇ ਸੁੱਕੇ ਬੁੱਲ੍ਹਾ ਤੇ ਜੀਭ ਫੇਰੀ।"* [9]

ਇਸ ਦੇ ਨਾਲ 'ਕਾਲਾ ਕੱਛਾ' ਅਤੇ 'ਲੰਡਾ ਚਿੜਾ' ਕਹਾਣੀਆਂ ਵਿਚ ਵੀ ਉਪਰੋਕਤ ਫਰਾਈਡ ਦੇ ਮਨੋ ਵਿਸ਼ਲੇਸ਼ਣ ਨੂੰ ਹੀ ਆਧਾਰ ਬਣਾਇਆ ਗਿਆ ਹੈ।

ਕਹਾਣੀ 'ਸਤੀ' ਦਾ ਥੀਮ ਹੋਰ ਕਹਾਣੀਆਂ ਨਾਲੋਂ ਵੱਖਰਾ ਹੈ। ਇਸ ਵਿੱਚ ਖੁਸਰਿਆਂ ਦੇ ਜੀਵਨ ਦੀ ਇਕੱਲੇਪਣ, ਅਧੂਰੀਆਂ ਇੱਛਾਵਾਂ ਅਤੇ ਸਮਾਜਿਕ ਰਿਸ਼ਤਿਆਂ ਦੀ ਘਾਟ ਨੂੰ ਦਰਸਾਇਆ ਗਿਆ ਹੈ। ਨਾਇਕਾ ਕ੍ਰਿਸ਼ਨਾ, ਸੁੰਦਰ ਹੋਣ ਦੇ ਬਾਵਜੂਦ, ਮਜਬੂਰੀਵਸ਼ ਇਹ ਜੀਵਨ ਜੀਉਂਦੀ ਹੈ ਅਤੇ ਇਸ ਨਾਲ ਦੁਖੀ ਰਹਿੰਦੀ ਹੈ। ਨਾਮਦੇਵ ਉਸਦੀ ਜ਼ਿੰਦਗੀ ਵਿੱਚ ਖੁਸ਼ੀ ਲਿਆਉਂਦਾ ਹੈ ਪਰ ਉਸਦੀ ਅਚਾਨਕ ਮੌਤ ਕ੍ਰਿਸ਼ਨਾ ਨੂੰ ਤੋੜ ਦਿੰਦੀ ਹੈ। ਆਖ਼ਿਰਕਾਰ ਕ੍ਰਿਸ਼ਨਾ ਵੀ ਮਰ ਜਾਂਦੀ ਹੈ। ਬਾਅਦ ਵਿੱਚ ਪਿੰਡ ਦੀਆਂ ਔਰਤਾਂ ਉਸਨੂੰ 'ਕ੍ਰਿਸ਼ਨਾ ਦੇਵੀ' ਵਜੋਂ ਮੰਨ ਕੇ ਪੂਜਦੀਆਂ ਹਨ। ਇਸ ਪ੍ਰਕਾਰ ਇਹ ਕਹਾਣੀ ਔਰਤ ਦੇ ਦੈਵੀ ਤੇ ਉੱਚ ਸਰੂਪ ਦੀ ਪੇਸ਼ਗੀ ਕਰਦੀ ਹੈ।ਕਹਾਣੀ ਵਿੱਚ ਸਮਾਜਿਕ ਵਿਦਰੋਹ ਦਾ ਸੁਨੇਹਾ ਵੀ ਮਿਲਦਾ ਹੈ।

ਕਹਾਣੀ 'ਗੋਲੇ ਕਬੂਤਰ' ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਵਾਲੇ ਲੋਕਾਂ ਦੀ ਦੁਖਦਾਈ ਹਕੀਕਤ ਨੂੰ ਉਜਾਗਰ ਕੀਤਾ ਗਿਆ ਹੈ। ਵਿਦੇਸ਼ੀ ਚਮਕ-ਧਮਕ ਦੇ ਮੋਹ ਵਿੱਚ ਫਸ ਕੇ ਲੋਕ ਆਪਣੀ ਪਹਿਚਾਣ ਅਤੇ ਮੂਲ ਤੋਂ ਦੂਰ ਹੋ ਜਾਂਦੇ ਹਨ। ਬਰਤਾਨਵੀ ਸਮਾਜ ਵਿੱਚ ਰਿਸ਼ਤਿਆਂ ਦੀ ਘਟਦੀ ਮਹੱਤਤਾ ਅਤੇ ਵਿਆਹ ਪ੍ਰਣਾਲੀ ਦੀ ਖੋਖਲਾਪਣ ਉੱਤੇ ਤੀਖਾ ਵਿਅੰਗ ਕੀਤਾ ਗਿਆ ਹੈ। ਕਹਾਣੀ ਸਮਾਜਕ ਸੱਚਾਈ ਨੂੰ ਬੇਨਕਾਬ ਕਰਦੀ ਹੋਈ ਵੰਗਾਰਦੀ ਵੀ ਹੈ।

ਸਮੁੱਚੇ ਰੂਪ ਵਿੱਚ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਔਰਤ ਸਿਰਫ਼ ਇੱਕ ਪਾਤਰ ਨਹੀਂ, ਸਗੋਂ ਸੁਤੰਤਰ ਹੋਂਦ ਅਤੇ ਸਵੈ-ਚੇਤਨਾ ਦਾ ਪ੍ਰਤੀਕ ਹੈ। ਉਹ ਆਪਣੀਆਂ ਕਹਾਣੀਆਂ ਰਾਹੀਂ ਔਰਤ ਨੂੰ ਰਵਾਇਤੀ ਨੈਤਿਕਤਾ, ਮਾਨਸਿਕ ਗੁਲਾਮੀ ਅਤੇ ਪਿੱਤਰਸੱਤਾ ਦੇ ਬੰਧਨਾਂ ਤੋਂ ਮੁਕਤ ਕਰਕੇ ਇੱਕ ਸਵੈ-ਨਿਰਣਾਇਕ ਇਕਾਈ ਵਜੋਂ ਸਥਾਪਿਤ ਕਰਦੀ ਹੈ। ਭਾਵੇਂ ਉਹ ਸੋਮਾ ਦੀ ਸਰੀਰਕ ਆਜ਼ਾਦੀ ਹੋਵੇ, ਸ਼ੈਲੀ ਦੀ ਸੁਚੇਤਤਾ, ਅਨੀਤਾ ਦੀ ਭਾਵਨਾਤਮਕ ਦ੍ਰਿੜ੍ਹਤਾ, ਗੁਲਬਾਨੋ ਦਾ ਸਵੈ-ਮਾਣ, ਸ਼ਾਂਤੀ ਦਾ ਰੂਹਾਨੀ ਇਸ਼ਕ ਜਾਂ ਹਰਬੰਸੋ ਦਾ ਰੂਹਾਨੀ ਪਿਆਰ ਆਦਿ ਹਰ ਰੂਪ ਵਿੱਚ ਔਰਤ ਆਪਣੇ ਹੱਕਾਂ ਅਤੇ ਆਪਣੀ ਹਸਤੀ ਲਈ ਡੱਟ ਕੇ ਖੜ੍ਹੀ ਨਜ਼ਰ ਆਉਂਦੀ ਹੈ। ਇਹ ਕਹਾਣੀਆਂ ਪਾਠਕ ਨੂੰ ਇਹ ਸੁਨੇਹਾ ਦਿੰਦੀਆਂ ਹਨ ਕਿ ਔਰਤ ਦੀ ਅਸਲ ਮੁਕਤੀ ਉਸਦੇ ਆਤਮ-ਵਿਸ਼ਵਾਸ, ਆਰਥਿਕ ਸੁਤੰਤਰਤਾ ਅਤੇ ਆਪਣੇ ਜੀਵਨ ਦੇ ਫ਼ੈਸਲੇ ਖ਼ੁਦ ਲੈਣ ਦੀ ਸਮਰੱਥਾ ਵਿੱਚ ਨਿਹਿਤ ਹੈ।

## ਹਵਾਲੇ ਅਤੇ ਟਿੱਪਣੀਆ


1. ਵਨੀਤਾ, ਡਾ. (2012), ਨਾਰੀਵਾਦ ਅਤੇ ਸਾਹਿਤ, ਅਜੰਤਾ ਬੁੱਕ ਇੰਟਰਨੈਸ਼ਨਲ, ਦਿੱਲੀ, ਪੰਨਾ: 90.
2. ਵਰਮਾ, ਵੀਨਾ, (1992). ਮੁੱਲ ਦੀ ਤੀਵੀਂ, ਨਵਯੁਗ ਪਬਲਿਸ਼ਰਜ਼. ਨਵੀਂ ਦਿੱਲੀ, ਪੰਨਾ: 9.
3. ਵਰਮਾ, ਵੀਨਾ (2002), ਫਰੰਗੀਆਂ ਦੀ ਨੂੰਹ, ਆਰ. ਸੀ. ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ: 24.
4. ਉਹੀ, ਪੰਨਾ: 44.
5. ਉਹੀ, ਪੰਨਾ: 72.
6. ਉਹੀ, ਪੰਨਾ: 235.
7. ਉਹੀ, ਪੰਨਾ: 159.
8. ਉਹੀ, ਪੰਨਾ: 268.
9. ਉਹੀ, ਪੰਨਾ: 185.



### *Cite this Article-*

*ਡਾ. ਸੁਨੀਤਾ ਰਾਣੀ (Dr. Sunita Rani), ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਨਾਰੀ ਚੇਤਨਾ (Veena Verma Dian Kahaniya Vich Naari Chetna), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 72-76.*

*Journal URL: www.armaan.org.in*

*DOI: https://doi.org/10.64119/armaan.vol.4.issue2.14*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*